**ਧਰਮ ਤੇ ਵਿਰਸਾ**

**ਅਵਤਾਰ ਸਿੰਘ ਮਿਸ਼ਨਰੀ**



# ਗੁਰਮਤਿ ਤੇ ਸਰਬ ਸਾਂਝੀਵਾਲਤਾ

ਇਨਸਾਨ ਦਾ ਮਤਲਬ ਕੇਵਲ ਮੇਲ ਵਿਅਕਤੀ ਨਹੀਂ, ਸਗੋਂ ਇਸਤਰੀ-ਪੁਰਸ਼ ਦੇ ਜੋੜੇ ਮਨੁੱਖਤਾ ਲਈ ਹੈ। ਜਦੋਂ ਪੁਰਖ ਸ਼ਬਦ ਨਾਲ ਕਰਤਾ ਅਤੇ ਅਕਾਲ ਸ਼ਬਦ ਲੱਗਦੇ ਹਨ ਤਾਂ ਪੁਰਖ ਕਰਤਾਰ ਪਰਮਾਤਮਾ ਲਈ ਹੁੰਦਾ ਹੈ। ਸ੍ਰਿਸ਼ਟੀ ਦੀ ਹੋਂਦ ਬਾਰੇ ਤਾਂ ਕਾਦਰ ਕਰਤਾਪੁਰਖ ਹੀ ਜਾਣਦਾ ਹੈ-ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ ਪਰ ਵਿਗਿਆਨੀਆਂ ਦੀਆਂ ਖੋਜਾਂ ਦੱਸਦੀਆਂ ਹਨ ਕਿ ਪਹਿਲੇ ਗੈਸਾਂ ਹੀ ਗੈਸਾਂ ਸਨ, ਜਿਨ੍ਹਾਂ ਤੋਂ ਪਾਣੀ ਬਣਿਆ, ਫਿਰ ਪਾਣੀ ਵਿੱਚ ਜੀਵ-ਜੰਤ ਪੈਦਾ ਹੋ ਗਏ। ਅਮੀਬਾ ਤੋਂ ਡੱਡੂ, ਡੱਡੂ ਤੋਂ ਮੱਛੀ, ਮੱਛੀ ਤੋਂ ਬਾਂਦਰ ਅਤੇ ਬਾਂਦਰ ਤੋਂ ਵਿਕਾਸ ਕਰਕੇ ਬੰਦਾ ਬਣ ਗਿਆ ਅਤੇ ਹੋਰ ਵੀ ਕਈ ਪ੍ਰਕਾਰ ਦੇ ਜੀਵ ਜੰਤੂ ਪੈਦਾ ਹੋ ਗਏ। ਗੁਰਬਾਣੀ ਵਿਖੇ ਵੀ ਸ੍ਰਿਸ਼ਟੀ ਰਚਨਾ ਬਾਰੇ ਜ਼ਿਕਰ ਹੈ-ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜਤਿ ਸਮੋਇ॥ (19) ਸਾਚੇ ਤੋਂ ਭਾਵ ਸਦੀਵੀ ਹੋਂਦ ਵਾਲਾ ਕਰਤਾ-ਕਰਤਾਰ, ਪਰਮਾਤਮਾ ਹੈ। ਸੋ ਗੁਰੂਆਂ ਅਤੇ ਭਗਤਾਂ ਨੇ ਸੰਸਾਰ ਦੀ ਹੋਂਦ ਕਰਤੇ-ਕਰਤਾਰ ਤੋਂ ਮੰਨੀ ਹੈ। ਇਸ ਭੇਦ ਨੂੰ ਦੁਨੀਆਂ ਦਾ ਕੋਈ ਮਨੁੱਖ ਨਹੀਂ ਜਾਣ ਸਕਦਾ, ਕਿਉਂਕਿ ਕਰਤਾ ਵੀ ਬੇਅੰਤ ਅਤੇ ਉਸ ਦੀ ਰਚਨਾ ਵੀ ਬੇਅੰਤ ਹੈ।

ਪਹਿਲੇ ਮਨੁੱਖ ਵੀ ਜੰਗਲੀ ਜਾਨਵਰਾਂ ਤਰ੍ਹਾਂ ਰਹਿੰਦਾ ਅਤੇ ਘਾਹ, ਪੱਤਰ, ਫਲ, ਅੰਨ ਅਤੇ ਜਾਨਵਰਾਂ ਦਾ ਮਾਸ ਖਾ ਕੇ ਗੁਜ਼ਾਰਾ ਕਰਦਾ ਸੀ। ਫਿਰ ਇਸ ਦੇ ਦਿਮਾਗ ਦੀ ਸੋਚ ਵਿਗਸਤ ਹੋਈ। ਇਸ ਦੇ ਖਾਣ ਪੀਣ ਅਤੇ ਰਹਿਣ-ਸਹਿਣ ਦੇ ਤੌਰ ਤਰੀਕੇ ਵੀ ਬਦਲਦੇ ਗਏ। ਘਰ ਪਰਿਵਾਰ ਅਤੇ ਕਬੀਲੇ ਹੋਂਦ ਵਿੱਚ ਆ ਗਏ। ਪਹਿਲੇ ਝੁੱਗੀਆਂ-ਝੌਂਪੜੀਆਂ, ਫਿਰ ਪਿੰਡ, ਕਸਬੇ ਅਤੇ ਸ਼ਹਿਰ ਮਨੁੱਖ ਨੇ ਵਿਗਸਤ ਕਰ ਲਏ। ਪਹਿਲੇ ਪੈਦਲ, ਫਿਰ ਘੋੜ ਸਵਾਰੀ, ਬੈਲ ਗੱਡੀਆਂ-ਤਾਂਗੇ, ਬੇੜੀਆਂ-ਬੇੜੇ, ਸਾਈਕਲ-ਮੋਟਰਸਾਈਕਲ, ਟ੍ਰੈਕਟਰ ਟਰਾਲੀਆਂ, ਟਰੱਕ, ਰੇਲਾਂ, ਕਾਰਾਂ-ਜੀਪਾਂ ਅਤੇ ਅੱਜ ਹਵਾਈ ਜਹਾਜ ਅਸਮਾਨੀ ਉੱਡ ਰਹੇ ਹਨ। ਮਨੁੱਖ ਨੇ ਪਹਿਲੇ ਭੋਜ ਪੱਤ੍ਰਾਂ ਅਤੇ ਪੱਥਰਾਂ ਤੇ ਲਿਖਣਾ ਸਿਖਿਆ, ਫਿਰ ਕਾਗ਼ਜ਼, ਚਿੱਠੀਆਂ ਪੱਤਰ ਲਿਖੇ, ਕਿਤਾਬਾਂ ਗ੍ਰੰਥ ਲਿਖੇ ਗਏ। ਚਿੱਠੀ ਪੱਤਰਾਂ ਦੀ ਥਾਂ ਟੈਲੀਫਨਾਂ ਅਤੇ ਈਮੇਲਾਂ ਨੇ ਲੈ ਲਈ ਹੈ। ਅੱਜ ਇੰਟਰਨੈੱਟ ਨੇ ਸਾਰੀ ਦੁਨੀਆਂ ਹੀ ਗਲੋਬਲ ਬਣਾ ਦਿੱਤੀ ਹੈ। ਅੱਜ ਵੱਡੇ ਵੱਡੇ ਗ੍ਰੰਥਾਂ ਦੀ ਥਾਂ ਕੈਸਟਾਂ, ਸੀਡੀਆਂ, ਵੀਡੀਓ ਸੀਡੀਆਂ ਅਤੇ ਚਿੱਪਾਂ ਆ ਗਈਆਂ ਗਨ। ਤੁਸੀਂ ਘਰ ਬੈਠੇ ਹੀ ਦੁਨੀਆਂ ਦਾ ਹਰੇਕ ਗ੍ਰੰਥ ਇੰਟਰਨੈੱਟ 'ਤੇ ਪੜ੍ਹ ਸਕਦੇ ਹੋ। ਵਿਗਿਆਨ ਨੇ ਪੁਜਾਰੀਵਾਦ ਤੋਂ ਲੋਕਾਂ ਨੂੰ ਅਜ਼ਾਦ ਕਰ ਦਿੱਤਾ ਹੈ। ਪਹਿਲੇ ਧਾਰਮਿਕ ਪੁਜਾਰੀ ਹੀ ਧਰਮ ਗ੍ਰੰਥ ਪੜ੍ਹ ਸਕਦੇ ਸਨ। ਬਾਕੀਆਂ ਨੂੰ ਡਰਾਇਆ ਹੋਇਆ ਸੀ, ਤੁਸੀਂ ਗਲਤ ਪੜ੍ਹ ਕੇ ਪਾਪਾਂ ਦੇ ਭਾਗੀ ਬਣੋਗੇ। ਬਣਾਏ ਗਏ ਸ਼ੂਦਰ ਅਤੇ ਔਰਤ ਤਾਂ ਪੜ੍ਹ ਹੀ ਨਹੀਂ ਸਕਦੇ ਸਨ। ਹੁਣ ਇੰਟਰਨੈੱਟ ਇੱਕ ਐਸਾ ਅਸਥਾਨ ਬਣ ਗਿਆ ਹੈ ਜਿੱਥੇ ਉੱਚੇ-ਨੀਵੇਂ ਸਭ ਪੜ੍ਹ ਕੇ ਗਿਆਨ ਹਾਸਲ ਕਰ ਸਕਦੇ ਹਨ।

ਪਰ ਇਤਨਾ ਕੁਝ ਵਿਗਸਤ ਹੋ ਜਾਣ ਦੇ ਬਾਵਜੂਦ ਵੀ ਮਨੁੱਖ 'ਚੋਂ ਮਨੁੱਖਤਾ ਪੰਖ ਲਾ ਕੇ ਉੱਡਦੀ ਜਾ ਰਹੀ ਹੈ। ਨਿਤ ਦਿਹਾੜੇ ਚੋਰੀਆਂ, ਡਾਕੇ, ਹੇਰਾ-ਫੇਰੀਆਂ, ਜਬਰਦਸਤੀਆਂ-ਬਲਾਤਕਾਰ ਅਤੇ ਨਿਰਦੋਸ਼ ਲੋਕਾਂ ਦੇ ਕਤਲ ਹੋ ਰਹੇ ਹਨ। ਇਨਸਾਨ ਨੂੰ ਪਤਾ ਹੈ ਕਿ ਮਰਨ ਉਪਰੰਤ ਕੋਈ ਪਦਾਰਥ ਨਾਲ ਨਹੀਂ ਜਾਣਾ ਫਿਰ ਵੀ ਜਾਇਜ਼-ਨਾਜਾਇਜ਼ ਢੰਗ ਨਾਲ ਗਰੀਬਾਂ ਦਾ ਖੂਨ ਪੀ ਕੇ ਡਕਾਰੀ ਜਾ ਰਿਹਾ ਹੈ। ਗਲਤ ਹਰਬੇ ਵਰਤ ਕੇ ਦੁਨਿਆਵੀ ਪਦਾਰਥ ਇਕੱਠੇ ਕੀਤੇ ਜਾ ਰਹੇ ਹਨ। ਕਿੱਥੇ ਹੈ ਮਨੁੱਖਤਾ, ਪਰਉਪਕਾਰ, ਸੇਵਾ-ਸਿਮਰਨ ਅਤੇ "ਦੇ ਕੇ ਭਲਾ ਮਨਾਉਣ" ਦੀ ਚੰਗੀ ਆਸ? ਜੋ ਖਤਮ ਹੁੰਦੀ ਜਾ ਰਹੀ ਹੈ। ਮਨੁੱਖ ਮਨੁੱਖਤਾ ਵਾਲੇ ਚੰਗੇ ਗੁਣ ਧਾਰਨ ਦੀ ਥਾਂ ਸੁਆਰਥੀ ਹੋਈ ਜਾ ਰਿਹਾ ਹੈ। ਮਨੁੱਖ ਦੀ ਬਿਰਤੀ ਪਸ਼ੂਆਂ ਨਾਲੋਂ ਵੀ ਨੀਵੀਂ ਹੁੰਦੀ ਜਾ ਰਹੀ ਹੈ ਇਸ ਲਈ ਨਿਤਾ ਪ੍ਰਤੀ ਪੁੱਠੇ ਕੰਮ ਕਰਕੇ ਰੱਬੀ ਦਾਤ "ਇਨਸਾਨੀਅਤ" ਨੂੰ ਗਵਾਈ ਜਾ ਰਿਹਾ ਹੈ। ਪਰਮਾਤਮਾ ਨੇ ਮਨੁੱਖ ਨੂੰ ਇਨਸਾਨੀਅਤ ਦਾ ਲਾਹਾ ਲੈਣ ਲਈ ਮਨੁੱਖਾ ਜਨਮ ਦਿੱਤਾ ਹੈ-ਪ੍ਰਾਣੀ ਤੂੰ ਆਇਆ ਲਾਹਾ ਲੈਣਿ॥(43) ਪਰ ਇਹ ਇਸ ਨੂੰ ਕੌਡੀਆਂ ਦੇ ਭਾਹ ਗਵਾਈ ਜਾ ਰਿਹਾ ਹੈ-ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥(156)

ਮਨੁੱਖਤਾ ਰੱਬ ਦੀ ਰਹਿਮਤ, ਚੰਗੇ ਮਾਂ-ਬਾਪ, ਸਭਾ-ਸੁਸਾਇਟੀ, ਚੰਗੀ ਸੰਗਤ, ਚੰਗੇ ਗ੍ਰੰਥਾਂ, ਵਧੀਆ ਸਕੂਲ ਟੀਚਰਾਂ ਅਤੇ ਸੱਚੇ ਸੁੱਚੇ ਪ੍ਰਚਾਰਕਾਂ ਦੀ ਸੰਗਤ ਅਤੇ ਵਿਵਹਾਰ ਤੋਂ ਸਿੱਖੀ ਜਾ ਸਕਦੀ ਹੈ। ਇੱਕ ਸਭਿਅਕ ਮਨੁੱਖ ਉੱਦਮੀ, ਕਿਰਤੀ, ਦਾਨੀ, ਪਰਉਪਕਾਰੀ, ਗੁਣ-ਗਰਾਹੀ, ਸਮਾਜ-ਸੇਵੀ, ਅਗਾਹ ਵਧੂ, ਕ੍ਰਾਂਤੀਕਾਰੀ, ਵਿਦਿਆ ਪੜ੍ਹਨ-ਪੜ੍ਹਾਉਣ ਵਾਲਾ ਜੀਵਨ ਬਸਰ ਕਰਦਾ ਹੈ ਅਤੇ ਬ੍ਰਾਹਮਣਨੁਮਾਂ ਧਰਮ ਆਗੂਆਂ ਵੱਲੋਂ ਪਾਏ ਗਏ ਭਰਮ-ਭੁਲੇਖੇ, ਛੂਆ-ਛਾਤ, ਸੁੱਚ-ਭਿੱਟ ਅਤੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ। ਇੱਕ ਚੰਗੇ ਸਮਾਜ ਦਾ ਵਿਕਾਸ ਅਤੇ ਵਿਗਾਸ ਵੀ ਮਨੁੱਖਤਾ (ਇਨਸਾਨੀਅਤ) ਦੀ ਪਾਲਣਾ ਨਾਲ ਹੁੰਦਾ ਹੈ। ਸੋ ਗੁਰੂ ਸਾਹਿਬ ਫੁਰਮਾਂਦੇ ਹਨ ਕਿ-ਬੰਦੇ ਖੋਜੁ ਦਿਲੁ ਹਰ ਰੋਜ ਨਾ ਫਿਰ ਪਰੇਸਾਨੀ ਮਾਹਿ॥(727) ਮਨੁੱਖਤਾ-ਅਵਲਿ ਅਲਹੁ ਨੂਰੁ ਉਪਾਇਆ ਕੁਦਰਤਿ ਕੇ ਸਭਿ ਬੰਦੇ॥(1349) ਨਾ ਕੋ ਬੈਰੀ ਨਹੀ ਬੇਗਾਨਾ॥(1299) ਦੇ ਸਰਬਸਾਂਝੇ ਰੱਬੀ ਗੀਤਾਂ ਵਿੱਚ ਡਲ੍ਹਕਾਂ ਮਾਰਦੀ ਹੈ। ਸਮੁੱਚੇ ਸੰਸਾਰੀ ਮਨੁੱਖਾਂ ਦਾ ਪਿਤਾ ਇੱਕ ਪਰਮਾਤਮਾ ਹੀ ਹੈ-ਏਕੁ ਪਿਤਾ ਏਕਸ ਕੇ ਹਮ ਬਾਰਿਕ॥(611) ਇਸ ਲਈ ਸਮੁੱਚਾ ਸੰਸਾਰ ਇੱਕ ਹੀ ਪਰਿਵਾਰ ਹੈ। ਜਿਵੇਂ ਇੱਕੋ ਹੀ ਪਰਿਵਾਰ ਦੇ ਜੀਆਂ ਦੇ ਸੁਭਾਵ ਅਤੇ ਵਿਚਾਰ ਵੱਖਰੇ ਵੱਖਰੇ ਹੁੰਦੇ ਹਨ ਇਵੇਂ ਹੀ ਇਲਾਕਾ, ਪੌਣ-ਪਾਣੀ, ਰਹਿਣ-ਸਹਿਣ, ਖਾਣ-ਪੀਣ, ਬੋਲ-ਚਾਲ ਅਤੇ ਕਿਤੇ-ਕੰਮਾਂ ਕਰਕੇ ਸਮੁੱਚੀ ਮਨੁੱਖਤਾ (ਮਾਨਵਤਾ) ਵੱਖ ਵੱਖ ਪ੍ਰਤੀਤ ਹੁੰਦੀ ਹੈ। ਜੇ ਅਸੀਂ ਸਰਬਸਾਂਝੇ ਰੱਬੀ ਗੁਣਾਂ ਵਾਲੀ ਸਾਂਝ ਆਪਸ ਵਿੱਚ ਰੱਖਾਂਗੇ ਤਾਂ ਸਾਡੀਆਂ ਦੂਰੀਆਂ, ਕਲਾ-ਕਲੇਸ਼ ਅਤੇ ਲੜਾਈ ਝਗੜੇ ਘਟਣਗੇ, ਸਾਰਾ ਸੰਸਾਰ ਬਾਗ ਇੱਕ ਹੀ ਮਾਲੀ ਦਾ ਪ੍ਰਤੀਤ ਹੋਵੇਗਾ ਅਤੇ ਰੱਬੀ ਦਾਤ "ਮਨੁੱਖਾ ਜਨਮ" ਅਤੇ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਕਾਇਮ ਰਹਿ ਸੱਕਣਗੀਆਂ। ਅਜਿਹੀਆਂ ਕਦਰਾਂ ਕੀਮਤਾਂ ਵਾਲੀ ਮਨੁੱਖਤਾ ਬਾਰੇ ਸਰਬਸਾਂਝੇ ਗਿਆਨ ਗ੍ਰੰਥ (ਗੁਰੂ ਗ੍ਰੰਥ) ਵਿੱਚ ਮਨੁੱਖ ਅਤੇ ਮਨੁੱਖਤਾ ਲਈ ਸਰਬਸਾਂਝੇ ਉਪਦੇਸ਼ ਭਰੇ ਪਏ ਹਨ ਪਰ ਲੋੜ ਪੜ੍ਹਨ, ਵਿਚਾਰਨ, ਧਾਰਨ ਅਤੇ ਅਮਲ ਕਰਕੇ ਸੰਸਾਰ ਨੂੰ ਵੰਡਣ ਦੀ ਹੈ।

*****

## ਸਲੋਹ ਕਬੱਡੀ ਟੂਰਨਾਮੈਂਟ

→ 45 ਸਫ਼ੇ ਦੀ ਬਾਕੀ

ਪ੍ਰਦੀਪ ਨੂੰ ਵੀ ਪਾਲਾ, ਗੋਲੂ ਘਨੌਰ ਨੂੰ ਵੀ ਦੋ ਵਾਰ ਪਾਲਾ ਅਤੇ ਦੋ ਵਾਰ ਰੱਬੋਂ, ਕਿੰਦੇ ਨੂੰ ਇੱਕ ਵਾਰ ਰੱਬੋਂ ਅਤੇ ਇੱਕ ਵਾਰ ਪਾਲਾ ਰੋਕ ਗਿਆ ਜਦ ਕਿ ਅਮਰਜੀਤ ਨੂੰ ਕੋਈ ਜੱਫਾ ਨਾ ਲੱਗਾ। ਪੰਜਵਾਂ ਕੱਪ ਚੁੱਕਣ ਵਾਲੀ ਬਹਾਦਰ ਸ਼ੇਰਗਿੱਲ, ਮੋੜ, ਨਛੱਤਰ ਬਿਆੜਾ, ਪਾਲੀ ਚੱਠਾ ਅਤੇ ਸਾਥੀਆਂ ਦੀ ਪੰਜਾਬ ਯੂਨਾਇਟਡ ਟੈਲਫੋਰਡ ਵੁਲਵਰਹੈਂਪਟਨ ਦੀ ਟੀਮ ਇਸ ਵਕਤ ਸਭ ਟੀਮਾਂ ਤੋਂ ਅੱਗੇ ਚੱਲ ਰਹੀ ਹੈ ਜਿਸ ਨੂੰ ਇਸ ਸੀਜਨ ਦੀ ਬਿਸਟ ਟੀਮ ਵੀ ਕਿਹਾ ਜਾ ਸਕਦਾ ਹੈ, ਜਦ ਕਿ ਦੂਜੇ ਨੰਬਰ ਤੇ ਸਲੋਹ ਦੀ ਟੀਮ ਹੈ। ਅੱਜ ਦੇ ਕੱਪ ਦੀ ਦੂਜੇ ਨੰਬਰ ਦੀ ਟੀਮ ਲਹਿੰਬਰ ਸਿੰਘ ਕੰਗ, ਸੁਰਿੰਦਰ ਸਿੰਘ ਮਾਣਕ ਅਤੇ ਸਾਥੀਆਂ ਦੀ ਈਰਥ ਵੂਲਿਚ ਦੀ ਟੀਮ ਰਹੀ। ਵਧੀਆ ਰੇਡਰ ਗੱਗੂ ਹਿੰਮਤਪੁਰੀਆ ਅਤੇ ਵਧੀਆ ਜਾਫੀ ਪਾਲਾ ਡਡਵਿੰਡੀ ਰਿਹਾ। ਡਰਗ ਟੈਸਟ ਦੇ ਬੈਨਰ ਲੱਗੇ ਸਨ ਲੇਕਨ ਕੋਈ ਟੈਸਟ ਵਾਲਾ ਰੌਲਾ ਨਹੀਂ ਪਿਆ ਕਿ ਹੋਏ ਸਨ ਜਾਂ ਨਹੀਂ। ਨਸ਼ਿਆਂ ਤੋਂ ਰਹਿਤ ਕਰਨ ਲਈ ਅਜੇ ਬੜਾ ਕੁਝ ਕਰਨ ਦੀ ਜਰੂਰਤ ਹੈ। ਸਭ ਤੋਂ ਵੱਡੀ ਗੱਲ ਖਿਡਾਰੀ ਆਪਣੀ ਜਿੰਦਗੀ ਬਾਰੇ ਖੁਦ ਸੋਚਣ, ਖੇਡਾਂ ਅੰਦਰ ਇਮਾਨਦਾਰੀ ਬਹੁਤ ਜਰੂਰੀ ਹੈ। ਪ੍ਰਮੋਟਰ ਵੀ ਇਸ ਗੱਲ ਵੱਲ ਤਵੱਜੋ ਦੇਣ ਕਿ ਨਸ਼ਿਆਂ ਤੋਂ ਖੇਡ ਨੂੰ ਮੁਕਤ ਕਰਵਾਉਣ ਲਈ ਕੀ ਕਰ ਸਕਦੇ ਹਾਂ। ਬਲਦੇਵ ਬੁਲਟ ਨੇ ਗੀਤ ਰਾਹੀਂ ਹਾਜ਼ਰੀ ਭਰੀ ਅਤੇ ਕੁਮੈਂਟਰੀ ਆਮ ਦੀ ਤਰ੍ਹਾਂ ਭਿੰਦਾ ਮੁਠੱਡਾ, ਸੋਖਾ ਢੇਸੀ ਅਤੇ ਰਵਿੰਦਰ ਕੋਛੜ ਨੇ ਕੀਤੀ। ਸ੍ਰੀ ਗੁਰੂ ਸਿੰਘ ਸਭਾ ਸਲੋਹ ਦੀ ਪ੍ਰਦਾਨ ਬੀਬੀ ਜਗਦੀਸ਼ ਕੌਰ ਨੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ ਅਤੇ ਕਲੱਬ ਨੂੰ ਮਾਇਕ ਸਹਾਇਤਾ ਵੀ ਦਿੱਤੀ।

ਕੁੱਲ ਮਿਲਾ ਕੇ ਮੇਲਾ ਹਰ ਪੱਖੋਂ ਕਾਮਯਾਬ ਰਿਹਾ ਜਿਸ ਲਈ ਸਤਿੰਦਰ ਗੋਲਡੀ, ਰਸ਼ਪਾਲ ਸ਼ੀਰਾ, ਕੁਲਵੰਤ ਚੱਠਾ, ਇੰਦਰਜੀਤ ਢਿੱਲੋਂ, ਹਰਬਿੰਦਰ ਸਿੰਘ ਹਲਟ, ਹਰਬਿੰਦਰ ਸਿੰਘ ਗੜ੍ਹੀਵਾਲ, ਦਰਸ਼ਨ ਢਿੱਲੋਂ, ਗੁਰਚਰਨ ਢਿੱਲੋਂ, ਹਰਜਿੰਦਰ ਡਡਵਾੜ, ਕਮਲਜੀਤ ਕੂਨਰ, ਸਤਿੰਦਰ ਬੋਲਾ, ਗੁਰਮੇਲ ਸਹੋਤਾ, ਰਣਜੀਤ ਢੰਢਾ, ਮੋਹਨ ਸਿੰਘ ਬਸਰਾ ਅਤੇ ਇੰਦਰਜੀਤ ਰੁੜਕੀ ਅਤੇ ਸਮੂਹ ਸਿੰਘ ਸਭਾ ਕਬੱਡੀ ਐਂਡ ਕਲਚਰਲ ਕਲੱਬ ਸਲੋਹ, ਸਿੰਘ ਸਭਾ ਸਲੋਹ ਅਤੇ ਰਾਮਗੜ੍ਹੀਆ ਗੁਰਦੁਆਰਾ ਸਿੱਖ ਸਭਾ ਸਲੋਹ ਵਧਾਈ ਦੇ ਪਾਤਰ ਹਨ।

ਦੀਦਾਰ ਸਿੰਘ ਭੰਡਾਲ, ਰੇਸ਼ਮ ਸਿੰਘ ਡੇਲ, ਜਸਵੰਤ ਢਿੱਲੋਂ, ਕੁਲਦੀਪ ਮੱਲ੍ਹਾ, ਦੀਪਾ ਕੂਨਰ, ਹਰਜਾਪ ਸਿੰਘ ਭੰਗਲ, ਹਿੰਮਤ ਸਿੰਘ ਸੋਹੀ, ਛਿੰਦਾ ਛੂ ਮੰਤਰ, ਬਿੰਦਰ ਮਾਹਲ, ਮੇਜਰ ਗਾਖਲ, ਉਚੇਚੇ ਤੌਰ ਤੇ ਪਹੁੰਚੇ ਅਤੇ ਸਟੇਜ ਦੀ ਕਾਰਵਾਈ ਦਰਸ਼ਨ ਢਿੱਲੋਂ ਅਤੇ ਤਲਵਿੰਦਰ ਢਿੱਲੋਂ ਨੇ ਨਿਭਾਈ।

## ਬਰਤਾਨੀਆ ਦੀ ਵਾਤਾਵਰਣ ਮੰਤਰੀ ਬੁਰਕੇ ਦੇ ਹੱਕ 'ਚ ਡਟੀ

ਲੰਡਨ-ਇਕ ਪਾਸੇ ਜਿਥੇ ਯੂਰਪੀ ਦੇਸ਼ਾਂ ਵਿਚ ਔਰਤਾਂ ਦੇ ਬੁਰਕਾ ਪਹਿਨਣ ਬਾਰੇ ਬਹਿਸ ਛਿੜੀ ਹੋਈ ਹੈ, ਉਥੇ ਹੀ ਬਰਤਾਨੀਆ ਦੀ ਵਾਤਾਵਰਣ ਮੰਤਰੀ ਨੇ ਮੁਸਲਮਾਨ ਔਰਤਾਂ ਦੇ ਬੁਰਕਾ ਪਹਿਨਣ ਦੇ ਅਧਿਕਾਰ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਨਾਲ ਔਰਤਾਂ ਮਜ਼ਬੂਤ ਹੁੰਦੀਆਂ ਹਨ। ਵਾਤਾਵਰਣ ਮੰਤਰੀ ਕੈਰੋਲੀਨ ਸਪੇਲਮੈਨ ਨੇ ਇਹ ਗੱਲ ਉਦੋਂ ਆਖੀ ਜਦੋਂ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਡੈਮੀਅਨ ਗਰੀਨ ਨੇ ਟੋਰੀ ਪਾਰਟੀ ਵਿਚ ਬੁਰਕੇ 'ਤੇ ਪਾਬੰਦੀ ਦੀ ਉਠ ਰਹੀ ਮੰਗ ਦਾ ਵਿਰੋਧ ਕੀਤਾ।



ਗਰੀਨ ਦਾ ਕਹਿਣਾ ਸੀ ਕਿ ਬੁਰਕੇ 'ਤੇ ਪਾਬੰਦੀ ਬਰਤਾਨਵੀ ਸਭਿਆਚਾਰ ਦੇ ਵਿਰੁੱਧ ਹੋਵੇਗੀ। ਇੰਟਰਨੈੱਟ ਆਧਾਰਿਤ ਕੰਪਨੀ ਯੂਗੋਵ ਵਲੋਂ ਕਰਵਾਏ ਸਰਵੇਖਣ 'ਚ ਪਤਾ ਲੱਗਾ ਹੈ ਕਿ ਬਰਤਾਨੀਆ ਦੇ 67 ਫ਼ੀ ਸਦੀ ਲੋਕ ਬੁਰਕੇ ਨੂੰ ਗ਼ੈਰ ਕਾਨੂੰਨੀ ਕਰਾਰ ਦੇਣ ਦੇ ਪੱਖ ਵਿਚ ਹਨ। ਫ਼ਰਾਂਸ ਦੀ ਸੰਸਦ ਦੇ ਹੇਠਲੇ ਸਦਨ ਨੇ ਬਹੁਮਤ ਨਾਲ ਬੁਰਕੇ 'ਤੇ ਪਾਬੰਦੀ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਦਕਿ ਸਪੇਨ ਅਤੇ ਬੈਲਜੀਅਮ ਵਿਚ ਵੀ ਇਸ ਤਰ੍ਹਾਂ ਦੇ ਕਾਨੂੰਨ ਬਣਾਏ ਜਾਣ ਦੀ ਤਿਆਰੀ ਹੈ। ਬੁਰਕੇ 'ਤੇ ਪਾਬੰਦੀ ਦੇ ਸਮਰਥਕ ਟੋਰੀ ਸੰਸਦ ਮੈਂਬਰਾਂ ਵਿਚ ਫ਼ਿਲਿਪ ਹੋਲੋਬੋਨ ਵੀ ਸ਼ਾਮਲ ਹਨ। ਫ਼ਿਲਿਪ ਨੇ ਇਕ ਬਿਲ ਪੇਸ਼ ਕੀਤਾ ਹੈ ਜਿਸ ਮੁਤਾਬਕ ਜਨਤਕ ਸਥਾਨ 'ਤੇ ਮੂੰਹ ਢੱਕ ਕੇ ਚੱਲਣਾ ਗ਼ੈਰ ਕਾਨੂੰਨੀ ਹੋਵੇਗਾ। ਕੈਰੋਲੀਨ ਦਾ ਕਹਿਣਾ ਹੈ ਕਿ ਮਹਿਲਾ ਅਧਿਕਾਰੀਆਂ ਲਈ ਬੁਰਕਾ ਪਹਿਨਣਾ ਅਹਿਮ ਹੈ। ਉਨ੍ਹਾਂ ਕਿਹਾ, "ਮੈਂ ਉਸ ਦੇਸ਼ ਵਿਚ ਇਸ ਤਰ੍ਹਾਂ ਨਹੀਂ ਰਹਿਣਾ ਚਾਹੁੰਦੀ ਜਿਥੇ ਔਰਤਾਂ ਨੂੰ ਦਸਿਆ ਜਾਵੇ ਕਿ ਉਹ ਕੀ ਪਹਿਨ ਸਕਦੀਆਂ ਹਨ ਅਤੇ ਕੀ ਨਹੀਂ ਪਹਿਨ ਸਕਦੀਆਂ। ਮੈਂ ਅਫ਼ਗਾਨਿਸਤਾਨ ਤੋਂ ਬਾਹਰ ਹਾਂ ਅਤੇ ਮੈਨੂੰ ਲੱਗਦਾ ਹੈ ਕਿ ਮੈਂ ਇਸ ਗੱਲ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਦੀ ਹਾਂ ਕਿ ਜ਼ਿਆਦਾਤਰ ਔਰਤਾਂ ਬੁਰਕਾ ਪਹਿਨਣਾ ਚਾਹੁੰਦੀਆਂ ਹਨ।"

## ਘਰ 'ਚ ਬਣਾ'ਤਾ ਹੈਲੀਕਾਪਟਰ



ਲੰਡਨ-ਹੈਲੀਕਾਪਟਰ ਦੀ ਸਵਾਰੀ ਕਰਨ ਦਾ ਸੁਪਨਾ ਹਰ ਕੋਈ ਦੇਖਦਾ ਹੈ, ਪਰ ਚੀਨ ਵਿੱਚ ਇੱਕ ਵਿਅਕਤੀ ਨੇ ਘਰ ਵਿੱਚ ਹੀ ਹੈਲੀਕਾਪਟਰ ਤਿਆਰ ਕਰ ਦਿੱਤਾ। ਸ਼ੇਨ ਯਾਗ ਵਿੱਚ ਰਹਿਣ ਵਾਲੇ ਗਾਯੋ ਹੈਂਜੀ ਨੇ ਨੌਂ ਮਹੀਨਿਆਂ ਵਿੱਚ ਹੀ ਤਿੰਨ ਮੀਟਰ ਲੰਬਾ ਅਤੇ 350 ਕਿਲੋ ਵਜ਼ਨੀ ਏਅਰਕ੍ਰਾਫਟ ਤਿਆਰ ਕਰ ਲਿਆ। ਇਸ ਤੋਂ ਪਹਿਲਾਂ ਵੂ ਸੁਲੂ ਵੀ ਆਪਣਾ ਰੋਬੋਟ ਅਤੇ ਯਾਂਗ ਯੋਯੁਡ ਤੋਪ ਬਣਾ ਚੁੱਕੇ ਹਨ। ਗਾਯੋ ਨੂੰ ਉਮੀਦ ਹੈ ਕਿ ਜਲਦ ਹੀ ਇੱਕ ਖੁੱਲ੍ਹੀ ਜਗ੍ਹਾ ਲੱਭ ਲੈਣਗੇ, ਜਿੱਥੇ ਉਹ ਹੈਲੀਕਾਪਟਰ ਦੀ ਸਵਾਰੀ ਕਰਕੇ ਪ੍ਰਯੋਗ ਕਰ ਸਕਣ।